15ਵੀਂ ਵਿਧਾਨ ਸਭਾ
ਗਿਆਰ੍ਹਵਾਂ ਸਮਾਗਮ

# ਪੰਜਾਬ ਵਿਧਾਨ ਸਭਾ
## ਬੁਲੇਟਿਨ ਨੰ. 5

ਵੀਰਵਾਰ, 27 ਫਰਵਰੀ, 2020
(10.00 ਵਜੇ ਸਵੇਰ ਤੋਂ 2.30 ਵਜੇ ਬਾਅਦ ਦੁਪਹਿਰ ਤੱਕ)

1. **ਪ੍ਰਸ਼ਨ**

(ੳ) ਸਭ ਤੋਂ ਪਹਿਲਾਂ ਮਿਤੀ 26 ਫਰਵਰੀ, 2020 ਦੀ ਸੂਚੀ ਵਿੱਚ ਦਰਜ ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 2749 ਤੇ ਸਰਦਾਰ ਰਣਦੀਪ ਸਿੰਘ ਨਾਭਾ, ਐਮ.ਐਲ.ਏ. ਵਲੋਂ 02 ਅਨੁਪੂਰਕ ਕੀਤੇ ਗਏ ਜਿਨ੍ਹਾਂ ਦਾ ਉਦਯੋਗ ਅਤੇ ਵਣਜ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

(ਅ) ਨਿਸ਼ਾਨ ਵਾਲੇ ਪ੍ਰਸ਼ਨ

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 07 | 03 | - | 10 | 23 |

(ੲ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 11

2. **ਮਾਨਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ**

ਮਾਨਯੋਗ ਸਪੀਕਰ ਵੱਲੋਂ ਸਰਦਾਰ ਜਸਬੀਰ ਸਿੰਘ ਗਿੱਲ ਡਿੰਪਾ, ਮੈਂਬਰ ਪਾਰਲੀਮੈਂਟ, ਲੋਕ ਸਭਾ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਕਿਹਾ ਗਿਆ।

3. **ਵਾਕ ਆਊਟ**

1. ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਕਰਤਾਰਪੁਰ ਸਾਹਿਬ ਤੋਂ ਵਾਪਸ ਆਏ ਸ਼ਰਧਾਲੂਆਂ ਦੀ ਪੁਲਿਸ ਵਲੋਂ ਪੁੱਛ-ਪੜਤਾਲ ਕਰਨ ਦੇ ਮਾਮਲੇ ਤੇ ਰੋਸ ਵਜੋਂ ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।

2. ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸ਼੍ਰੀ ਕੰਵਰ ਸੰਧੂ, ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਸਰਦਾਰ ਪਿਰਮਲ ਸਿੰਘ ਧੌਲਾ, ਸ਼੍ਰੀ ਅਮਨ ਅਰੋੜਾ ਅਤੇ ਪ੍ਰੋਫੈਸਰ ਬਲਜਿੰਦਰ ਕੌਰ ਨੂੰ ਛੱਡ ਕੇ ਕਰਤਾਰਪੁਰ ਸਾਹਿਬ ਤੋਂ ਵਾਪਸ ਆਏ ਸ਼ਰਧਾਲੂਆਂ ਦੀ ਪੁਲਿਸ ਵਲੋਂ ਪੁੱਛ-ਪੜਤਾਲ ਕਰਨ ਦੇ ਮਾਮਲੇ ਤੇ ਰੋਸ ਵਜੋਂ ਅਤੇ ਡੀ.ਜੀ.ਪੀ, ਪੰਜਾਬ ਵਿਰੁੱਧ ਕਾਰਵਾਈ ਕਰਨ ਦੀ ਮੰਗ ਕਰਦੇ ਹੋਏ ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।

4. **ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ**

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: I-ੳ ਅਧੀਨ ਦਰਸਾਏ ਗਏ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

5. **ਰਿਪੋਰਟ ਪੇਸ਼ ਕਰਨਾ**

ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਦੇ ਸਭਾਪਤੀ (ਸਰਦਾਰ ਇੰਦਰਬੀਰ ਸਿੰਘ ਬੁਲਾਰੀਆ) ਨੇ ਸਾਲ 2019-20 ਲਈ ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਦੀ 13ਵੀਂ ਰਿਪੋਰਟ ਪੇਸ਼ ਕੀਤੀ।

6. **ਵਿੱਤੀ ਕੰਮ-ਕਾਰ**

**(i)** ਵਿੱਤ ਮੰਤਰੀ ਨੇ ਸਾਲ 2019-20 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕੀਤੀਆਂ।

**(ii)** ਅਨੁਮਾਨ ਕਮੇਟੀ ਦੇ ਸਭਾਪਤੀ (ਸਰਦਾਰ ਹਰਦਿਆਲ ਸਿੰਘ ਕੰਬੋਜ) ਨੇ ਸਾਲ 2019-20 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕੀਤੀ।

**(iii)** ਸਾਲ 2019-2020 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ।

1. ਰਾਜ ਦੇ ਮਾਲੀਏ ਤੇ ਭਾਰਿਤ ਖਰਚੇ ਦੇ ਅਨੁਮਾਨਾਂ ਤੇ ਬਹਿਸ।
2. ਅਨੁਪੂਰਕ ਗ੍ਰਾਂਟਾਂ ਲਈ ਮੰਗਾਂ ਤੇ ਵੋਟਿੰਗ।

ਕਾਰਜ ਸੂਚੀ ਵਿਚ ਦਰਜ ਮੰਗ ਨੰ: 1 ਤੋਂ 42 ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖੀਆਂ ਗਈਆਂ ਅਤੇ ਪ੍ਰਵਾਨ ਹੋਈਆਂ।

(iv) ਪੰਜਾਬ ਨਮਿੱਤਣ ਬਿਲ, 2020

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ ਬਿਲ, 2020 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4, ਸ਼ਡਿਊਲ, ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਕਿ ਪੰਜਾਬ ਨਮਿੱਤਣ ਬਿਲ, 2020 ਪਾਸ ਕੀਤਾ ਜਾਵੇ" ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

7. ਮਾਨਯੋਗ ਸਪੀਕਰ ਦੁਆਰਾ ਰੂਲਿੰਗ

ਕੱਲ੍ਹ ਮਿਤੀ 26, ਫਰਵਰੀ, 2020 ਨੂੰ ਸ਼੍ਰੀ ਅਮਨ ਅਰੋੜਾ ਨੇ ਉਨ੍ਹਾਂ ਦਾ ਪ੍ਰਾਈਵੇਟ ਮੈਂਬਰ ਬਿੱਲ ਰਿਜੈਕਟ ਹੋਣ ਬਾਰੇ ਮਸਲਾ ਉਠਾਇਆ ਸੀ ਅਤੇ ਕਿਹਾ ਸੀ ਕਿ ਇਹ ਬਿੱਲ ਸੈਕਸ਼ਨ 115 ਦੇ ਤਹਿਤ ਗਲਤ ਰਿਜੈਕਟ ਕੀਤਾ ਗਿਆ ਅਤੇ ਸੈਕਸ਼ਨ 115 ਇਹ ਕਹਿੰਦਾ ਹੈ ਕਿ 15 ਦਿਨ ਪਹਿਲਾਂ ਬਿੱਲ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਅੱਜ 15 ਦਿਨ ਪੂਰੇ ਹੋ ਗਏ ਹਨ ਅਤੇ ਕੱਲ੍ਹ ਨੂੰ 16ਵਾਂ ਦਿਨ ਹੈ।

ਇਸ ਸਬੰਧੀ ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਬਿੱਲ ਪੇਸ਼ ਕਰਨ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ ਨਿਯਮ 115 ਇਸ ਤਰ੍ਹਾਂ ਹੈ: -

> "115. ਕੋਈ ਮੈਂਬਰ, ਜੋ ਕਿਸੇ ਬਿੱਲ ਨੂੰ ਪੇਸ਼ ਕਰਨ ਦੀ ਆਗਿਆ ਲੈਣੀ ਚਾਹੁੰਦਾ ਹੋਵੇ, ਆਪਣੇ ਇਰਾਦੇ ਦਾ ਪੰਦਰਾਂ ਦਿਨਾਂ ਦਾ ਨੋਟਿਸ ਦੇਵੇਗਾ ਅਤੇ ਆਪਣੇ ਨੋਟਿਸ ਨਾਲ ਬਿਲ ਦੀ ਇਕ ਨਕਲ ਅਤੇ ਉਦੇਸ਼ਾਂ ਅਤੇ ਕਾਰਣਾਂ ਦਾ ਪੂਰਾ ਪੂਰਾ ਬਿਆਨ ਪੇਸ਼ ਕਰੇਗਾ:"

ਇਸ ਤੋਂ ਇਲਾਵਾ ਜੇਕਰ ਕਿਸੇ ਬਿੱਲ ਵਿੱਚ ਵਿੱਤ ਸਬੰਧੀ ਧਾਰਾ ਸ਼ਾਮਲ ਹੋਵੇ ਤਾਂ ਇਸ ਸਬੰਧੀ ਰੂਲ 116 (1) ਵਿੱਚ ਇਸ ਤਰ੍ਹਾਂ ਹੈ।

> "116. (1) ਜੇਕਰ ਕੋਈ ਬਿਲ ਜਾਂ ਸੋਧਨਾ, ਜਿਸ ਦਾ ਕਿਸੇ ਪ੍ਰਾਈਵੇਟ ਮੈਂਬਰ ਨੇ ਨੋਟਿਸ ਦਿੱਤਾ ਹੋਵੇ, ਕੋਈ ਅਜਿਹਾ ਬਿਲ ਜਾਂ ਸੋਧਨਾ ਹੋਵੇ, ਜੋ ਸੰਵਿਧਾਨ ਅਧੀਨ ਰਾਸ਼ਟਰਪਤੀ ਦੀ ਪਹਿਲਾਂ ਲਈ ਜਾਣ ਵਾਲੀ ਮਨਜ਼ੂਰੀ ਜਾਂ ਰਾਜਪਾਲ ਦੀ ਸਿਫਾਰਸ਼ ਤੋਂ ਬਿਨਾਂ ਪੇਸ਼ ਨਾ ਕੀਤਾ ਜਾ ਸਕਦਾ ਹੋਵੇ, ਤਾਂ ਮੈਂਬਰ ਇਸ ਤਰ੍ਹਾਂ ਦੀ ਮਨਜ਼ੂਰੀ ਜਾਂ ਸਿਫਾਰਸ਼, ਜਿਹੋ ਜਿਹੀ ਵੀ ਸੂਰਤ ਹੋਵੇ, ਦੀ ਨਕਲ ਨੋਟਿਸ ਨਾਲ ਨੱਥੀ ਕਰੇਗਾ ਅਤੇ ਨੋਟਿਸ ਉਦੋਂ ਤੱਕ ਜਾਇਜ਼ ਨਹੀਂ ਹੋਵੇਗਾ ਜਦੋਂ ਤੱਕ ਕਿ ਇਹ ਲੋੜ ਪੂਰੀ ਨਾ ਕੀਤੀ ਜਾਵੇ।"

ਜੋ ਕੱਲ੍ਹ ਸ਼੍ਰੀ ਅਮਨ ਅਰੋੜਾ, ਮੈਂਬਰ, ਆਮ ਆਦਮੀ ਪਾਰਟੀ ਵੱਲੋਂ ਸਦਨ ਵਿੱਚ ਮੁੱਦਾ ਚੁੱਕਿਆ ਗਿਆ ਹੈ ਅਤੇ ਇਸ ਮੁੱਦੇ ਤੇ ਇਨ੍ਹਾਂ ਦੀ ਪਾਰਟੀ ਵੱਲੋਂ ਵਾਕਆਊਟ ਕੀਤਾ ਗਿਆ। ਉਸ ਸਬੰਧੀ ਮੈਂ ਸਥਿਤੀ ਸਪਸ਼ਟ ਕਰ ਦੇਣਾ ਉਚਿਤ ਸਮਝਦਾ ਹਾਂ ਕਿ ਸਬੰਧਤ ਮੈਂਬਰ ਵੱਲੋਂ ਮੈਨੂੰ 19 ਫਰਵਰੀ, 2020 ਨੂੰ ਤਿੰਨ ਪ੍ਰਾਈਵੇਟ ਮੈਂਬਰਜ਼ ਬਿੱਲ ਦਿੱਤੇ ਗਏ ਸਨ ਅਤੇ ਨਿਯਮ 115 ਅਧੀਨ ਲੋੜੀਂਦੀ 15 ਦਿਨ ਦੀ ਸ਼ਰਤ ਮਿਤੀ 5 ਮਾਰਚ, 2020 ਨੂੰ ਪੂਰੀ ਹੁੰਦੀ ਹੈ।

ਸ਼੍ਰੀ ਅਮਨ ਅਰੋੜਾ ਵੱਲੋਂ ਦਿੱਤੇ ਗਏ ਪੰਜਾਬ ਸਟੇਟ ਲਿਕਰ ਕਾਰਪੋਰੇਸ਼ਨ ਬਿੱਲ ਵਿੱਚ ਵਿੱਤੀ ਮੈਮੋਰੰਡਮ ਇਨ੍ਹਾਂ ਵੱਲੋਂ ਹੀ ਨਾਲ ਨੱਥੀ ਕੀਤਾ ਗਿਆ ਹੈ, ਜਿਸ ਵਿੱਚ 100 ਕਰੋੜ ਰੁਪਏ ਦੇ ਕਾਰਪਸ ਫੰਡ ਦਾ ਜ਼ਿਕਰ ਹੈ। ਇਸ ਲਈ ਉਪਰੋਕਤ ਦੱਸੇ ਰੂਲ 116(1) ਅਧੀਨ ਗਵਰਨਰ ਸਾਹਿਬ ਦੀ ਮਨਜ਼ੂਰੀ ਵੀ ਇਸ ਨਾਲ ਲਗਾਉਣੀ ਜ਼ਰੂਰੀ ਸੀ ਜਿਹੜੀ ਕਿ ਸਬੰਧਤ ਮੈਂਬਰ ਵੱਲੋਂ ਨਹੀਂ ਲਗਾਈ ਗਈ। ਮਿਤੀ 19.02.2020 ਨੂੰ ਮੈਂਬਰ ਵੱਲੋਂ ਜਿਹੜਾ ਬਿੱਲ ਦੇ ਨਾਲ ਫਾਰਵਰਡਿੰਗ ਲੈਟਰ ਲਗਾਇਆ ਗਿਆ ਹੈ ਉਸ ਵਿੱਚ ਬਿੱਲ ਦਾ ਨਾਂ ਪੰਜਾਬ ਸਟੇਟ ਲਿਕਰ ਕਾਰਪੋਰੇਸ਼ਨ ਬਿੱਲ, 2019 ਦਿੱਤਾ ਗਿਆ ਹੈ ਜਦ ਕਿ ਇਸ ਨਾਲ ਅਟੈਚ ਕੀਤੇ ਗਏ ਬਿੱਲ ਤੇ ਨਾਮ ਪੰਜਾਬ ਸਟੇਟ ਲਿਕਰ ਕਾਰਪੋਰੇਸ਼ਨ ਬਿੱਲ, 2020 ਲਿਖਿਆ ਗਿਆ ਹੈ, ਜਿਹੜਾ ਆਪਣੇ ਆਪ ਵਿੱਚ ਕੰਟਰਾਡਿਕਟਰੀ ਹੈ। ਇਸ ਤਰ੍ਹਾਂ ਇਨ੍ਹਾਂ ਵੱਲੋਂ ਆਪਣੇ ਬਿੱਲ ਨੂੰ ਰਿਜੈਕਟ ਕਰਨ ਸਬੰਧੀ ਜੋ ਕੱਲ੍ਹ ਸਦਨ ਵਿੱਚ ਗਲਤ ਬਿਆਨਬਾਜ਼ੀ ਕੀਤੀ ਗਈ ਹੈ, ਉਹ ਨਿੰਦਣਯੋਗ ਹੈ।

ਦੂਸਰਾ, ਸ਼੍ਰੀ ਅਮਨ ਅਰੋੜਾ ਵੱਲੋਂ ਸਰਕਾਰੀ ਬਿੱਲਾਂ ਬਾਰੇ ਜੋ ਕਿਹਾ ਗਿਆ ਹੈ, ਇਸ ਸਬੰਧ ਵਿੱਚ ਵੀ ਮੈਂ ਦੱਸਣਾ ਉਚਿਤ ਸਮਝਦਾ ਹਾਂ ਕਿ ਸਰਕਾਰ ਵੱਲੋਂ ਪ੍ਰਾਪਤ ਬਿੱਲਾਂ ਨੂੰ ਉਸ ਸਮੇਂ ਹੀ ਸਵੀਕਾਰ ਕੀਤਾ ਜਾਂਦਾ ਹੈ, ਜਦੋਂ ਉਨ੍ਹਾਂ ਨਾਲ ਨਿਯਮਾਂ ਅਨੁਸਾਰ ਜ਼ਰੂਰੀ ਕਾਗਜ਼ ਪੱਤਰ ਅਟੈਚ ਹੁੰਦੇ ਹਨ।

ਸ਼੍ਰੀ ਅਮਨ ਅਰੋੜਾ ਜੀ ਵੱਲੋਂ ਕੱਲ੍ਹ ਜੋ ਸਦਨ ਵਿੱਚ ਬੋਲਿਆ ਗਿਆ ਹੈ, ਇਹ ਤੱਥਾਂ ਤੇ ਆਧਾਰਤ ਨਹੀਂ ਹੈ ਅਤੇ ਇਨ੍ਹਾਂ ਵੱਲੋਂ ਗਲਤ ਬਿਆਨੀ ਕਰਕੇ ਚੇਅਰ ਤੇ ਉਂਗਲ ਉਠਾਈ ਗਈ ਹੈ ਅਤੇ ਸਦਨ ਨੂੰ ਗੁੰਮਰਾਹ ਕੀਤਾ ਗਿਆ ਹੈ। ਇਨ੍ਹਾਂ ਵੱਲੋਂ ਆਪਣੇ ਦਿੱਤੇ ਗਏ ਤੱਥਾਂ ਨੂੰ ਹੀ ਸਦਨ ਵਿੱਚ ਗਲਤ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਸਦਨ ਵਿੱਚ ਗਲਤ ਤੱਥ ਪੇਸ਼ ਕਰਨੇ ਮੈਂਬਰ ਨੂੰ ਸ਼ੋਭਾ ਨਹੀਂ ਦਿੰਦੇ। ਮੈਂਬਰ ਨੂੰ ਸਦਨ ਦੇ ਨਿਯਮਾਂ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ। ਜੇਕਰ ਮੈਂਬਰ ਨੂੰ ਖੁਦ ਹੀ ਨਿਯਮਾਂ ਦਾ ਗਿਆਨ ਨਹੀਂ ਹੈ ਤਾਂ ਉਹ ਲਾਅਮੇਕਰ ਹੋਣ ਦੀ ਸਹੀ ਭੂਮਿਕਾ ਨਹੀਂ ਨਿਭਾਅ ਸਕਦਾ। ਸਦਨ ਵਿੱਚ ਇਸ ਤਰ੍ਹਾਂ ਦੀ ਗਲਤਬਿਆਨੀ ਅਤੇ ਗੁੰਮਰਾਹਕੁੰਨ ਬਿਆਨ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਵਿਸ਼ਾ ਬਣਦਾ ਹੈ। ਮੈਂਬਰ ਦੇ ਹਿੱਤ ਵਿੱਚ ਸਲਾਹ ਦਿੱਤੀ ਜਾਂਦੀ

ਹੈ ਕਿ ਅੱਗੇ ਤੋਂ ਸਹੀ ਤੱਥਾਂ ਦੇ ਆਧਾਰ ਤੇ ਅਤੇ ਨਿਯਮਾਂ ਦਾ ਗਿਆਨ ਲੈ ਕੇ ਸਦਨ ਵਿੱਚ ਆਪਣੀ ਗੱਲ ਕੀਤੀ ਜਾਵੇ ਤਾਂ ਕਿ ਸਦਨ ਦਾ ਮਹੱਤਵਪੂਰਣ ਅਤੇ ਕੀਮਤੀ ਸਮਾਂ ਬਰਬਾਦ ਨਾ ਹੋਵੇ।

8. **ਮਤੇ**

ਸ਼੍ਰੀ ਅਮਨ ਅਰੋੜਾ, ਆਮ ਆਦਮੀ ਪਾਰਟੀ ਨੇ ਹੇਠ ਲਿਖਿਆ ਮਤਾ ਸਦਨ ਵਿਚ ਪੇਸ਼ ਕੀਤਾ ਅਤੇ ਮਤਾ ਪੇਸ਼ ਕਰਦੇ ਹੋਏ ਉਹ 19 ਮਿੰਟ ਲਈ ਬੋਲੇ –

> " ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਦਿਨ ਪ੍ਰਤੀ ਦਿਨ ਵਿਕਰਾਲ ਹੁੰਦੀ ਜਾ ਰਹੀ ਅਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਹੱਲ ਕਰਨ ਦੇ ਮਕਸਦ ਨਾਲ ਦੇਸੀ ਨਸਲ ਦੀਆਂ ਗਾਵਾਂ ਦੀ ਗਊਸ਼ਾਲਾਵਾਂ ਵਿੱਚ ਸੰਭਾਲ ਕੀਤੀ ਜਾਵੇ ਅਤੇ ਅਮਰੀਕੀ/ਐਚ.ਐਫ. ਨਸਲ ਦੇ ਢੱਠਿਆਂ ਨੂੰ ਬੁੱਚੜਖਾਨੇ ਭੇਜਿਆ ਜਾਵੇ ਤਾਂ ਜੋ ਲੋਕਾਂ ਦੀ ਜਾਨ ਮਾਲ ਅਤੇ ਫਸਲਾਂ ਦੀ ਰੱਖਿਆ ਹੋ ਸਕੇ ਅਤੇ ਇਹ ਅਵਾਰਾ ਪਸ਼ੂ ਵੀ ਗੰਦਗੀ ਦੇ ਢੇਰਾਂ ਤੋਂ ਪਲਾਸਟਿਕ ਖਾ-ਖਾ ਕੇ ਰੋਜ਼ ਰੋਜ਼ ਮਰਨ ਨਾਲੋਂ ਇੱਕੋ ਵਾਰੀ ਛੁਟਕਾਰਾ ਪਾ ਸਕਣ।"

ਨਿਮਨਲਿਖਤ ਮੈਂਬਰ ਸਾਹਿਬਾਨ ਨੇ ਮਤੇ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਕੁਲਤਾਰ ਸਿੰਘ ਸੰਧਵਾਂ, ਆਮ ਆਦਮੀ ਪਾਰਟੀ | 07 ਮਿੰਟ |
| 2. | ਪ੍ਰੋਫੈਸਰ ਬਲਜਿੰਦਰ ਕੌਰ, ਆਮ ਆਦਮੀ ਪਾਰਟੀ | 08 ਮਿੰਟ |
| 3. | ਸਰਦਾਰ ਲਖਬੀਰ ਸਿੰਘ ਲੋਧੀਨੰਗਲ, ਸ਼੍ਰੋਮਣੀ ਅਕਾਲੀ ਦਲ | 15 ਮਿੰਟ |
| 4. | ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਸਲਾਹਕਾਰ/ਮੁੱਖ ਮੰਤਰੀ | 14 ਮਿੰਟ |
| 5. | ਸ਼੍ਰੀ ਕੰਵਰ ਸੰਧੂ, ਆਮ ਆਦਮੀ ਪਾਰਟੀ | 12 ਮਿੰਟ |
| 6. | ਸਰਦਾਰ ਅੰਗਦ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 08 ਮਿੰਟ |
| 7. | ਸ਼੍ਰੀ ਐਨ.ਕੇ.ਸ਼ਰਮਾ, ਸ਼੍ਰੋਮਣੀ ਅਕਾਲੀ ਦਲ | 20 ਮਿੰਟ |
| 8. | ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ, ਆਮ ਆਦਮੀ ਪਾਰਟੀ | 10 ਮਿੰਟ |
| 9. | ਸਰਦਾਰ ਜੈ ਕ੍ਰਿਸ਼ਨ ਸਿੰਘ, ਆਮ ਆਦਮੀ ਪਾਰਟੀ | 12 ਮਿੰਟ |
| 10. | ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ, ਸਲਾਹਕਾਰ/ਮੁੱਖ ਮੰਤਰੀ | 13 ਮਿੰਟ |
| 11. | ਸ਼੍ਰੀ ਅਰੁਣ ਨਾਰੰਗ, ਭਾਰਤੀ ਜਨਤਾ ਪਾਰਟੀ | 10 ਮਿੰਟ |
| 12. | ਡਾਕਟਰ ਸੁਖਵਿੰਦਰ ਕੁਮਾਰ, ਸ਼੍ਰੋਮਣੀ ਅਕਾਲੀ ਦਲ | 09 ਮਿੰਟ |

9. **ਮਾਨਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ**

ਮਾਨਯੋਗ ਸਪੀਕਰ ਵੱਲੋਂ ਸਰਦਾਰ ਰਵਨੀਤ ਸਿੰਘ ਬਿੱਟੂ, ਮੈਂਬਰ ਪਾਰਲੀਮੈਂਟ, ਲੋਕ ਸਭਾ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਕਿਹਾ ਗਿਆ।

ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ 11.57 ਵਜੇ ਬਾਅਦ ਦੁਪਹਿਰ ਤੋਂ 2.30 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ ਸਦਨ ਸ਼ੁੱਕਰਵਾਰ ਮਿਤੀ 28 ਫਰਵਰੀ, 2020 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।

ਚੰਡੀਗੜ੍ਹ;
27 ਫਰਵਰੀ, 2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।